ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ:ਸਿ:)-ਕਮ-ਜਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਸੈਕਟਰ-54, ਫੇਜ-2, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਫੋਨ ਨੰ:0172-2274100 ਈ-ਮੇਲ:- deossamohali@gmail.com

---

## ਅੰਤਕਾ
## ਫ਼ਾਰਮ-II

ਵੱਲ:

ਮੈਨੇਜਰ/ਚੇਅਰਪਰਸਨ/ਸਕੱਤਰ
ਸ਼ਿਸ਼ੂ ਨਿਕੇਤਨ ਪਬਲਿਕ ਸਕੂਲ
ਸੈਕਟਰ-66, ਸ.ਅ.ਸ ਨਗਰ।

ਪੱਤਰ ਨੰ.: ਆਰ.ਟੀ.ਈ./ਮਾਨਤਾ/2016/193/087 ਮਿਤੀ: 16/03/2016

ਵਿਸ਼ਾ: "ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ-2009' ਦੀ ਧਾਰਾ 18 ਦੇ ਮੰਤਵ ਲਈ" ਪੰਜਾਬ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ-ਸਿੱਖਿਆ ਦਾ ਅਧਿਕਾਰ ਨਿਯਮ 2011' ਦੇ ਨਿਯਮ 11 ਦੇ ਉਪ ਨਿਯਮ (4) ਅਧੀਨ ਆਪ ਜੀ ਦੇ ਸਕੂਲ ਨੂੰ ਮਾਨਤਾ ਪੱਤਰ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੀ ਪ੍ਰਤੀਬੇਨਤੀ ਅਤੇ ਆਪ ਵਲੋਂ ਦਿੱਤੀ ਗਈ ਸਵੈ-ਘੋਸ਼ਨਾ ਦੇ ਆਧਾਰ ਤੇ ਮੈਂ ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸੈਕਟਰ-66, ਸ.ਅ.ਸ ਨਗਰ ਨੂੰ ਜਮਾਤ ਪਹਿਲੀ ਤੋਂ ਜਮਾਤ ਅੱਠਵੀਂ ਤੱਕ ਮਾਨਤਾ ਭੇਜਦਾ ਹਾਂ।

ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਅਧਾਰ ਤੇ ਹੈ ਕਿ :-

1) ਸਕੂਲ ਪ੍ਰਬੰਧਨ ਦੀ ਇਹ ਨਿੱਜੀ ਜ਼ਿਮੇਵਾਰੀ ਹੋਵੇਗੀ ਕਿ ਮਿਆਦ ਅਨੁਸਾਰ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਇਸ ਦਫ਼ਤਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਆਪ ਦੇ ਸਕੂਲ ਦੀ ਮਾਨਤਾ ਰੱਦ ਕਰਨ ਦੀ ਪ੍ਰਕਿਰਿਆ ਆਰੰਭੀ ਜਾਵੇਗੀ।

2) ਮਾਨਤਾ ਦੀ ਪ੍ਰਵਾਨਗੀ ਵਾਧੇ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿੱਚ ਅਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ / ਐਫੀਲੀਏਸ਼ਨ ਤੇ ਲਾਗੂ ਨਹੀਂ ਹੁੰਦੀ।

3) ਉਕਤ ਮਾਨਤਾ ਆਪ ਦੁਆਰਾ ਦਿੱਤੀ ਗਈ ਸਵੈ ਘੋਸ਼ਨਾ ਦੇ ਆਧਾਰ ਤੇ ਹੈ ਜੇਕਰ ਸਵੈ ਘੋਸ਼ਨਾ ਵਿੱਚ ਦਰਜ਼ ਮੱਦਾਂ ਵਿਚੋਂ ਕੋਈ ਮੱਦ ਗਲਤ ਜਾਂ ਝੂਠੀ ਪਾਈ ਜਾਂਦੀ ਹੈ ਤਾਂ ਇਹ ਮਾਨਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ।

Harjeet Kaur
Harjeet Kaur
Principal
Shishu Niketan Public School
Sector-66, Mohali

For Shishu Suchintan Educational Society
V Chadha
Authorised Signatory

4) ਸਕੂਲ "ਸੁਸਾਇਟੀ ਰਜਿਸਟਰੇਸ਼ਨ ਐਕਟ, 1860 (ਐਕਟ ਨੰਬਰ 21, 1960)' ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ-ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਥਾਪਿਤ ਟਰਸਟ ਦੁਆਰਾ ਚਲਾਇਆ ਜਾ ਰਿਹਾ ਹੈ।

5) ਸੋਸਾਇਟੀ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਜੇ ਜ਼ਰੂਰੀ ਹੋਵੇ, ਯਕੀਨੀ ਬਣਾਇਆ ਜਾਵੇਗਾ।

6) ਸਕੂਲ ਕਿਸੇ ਵਿਅਕਤੀ, ਸਮੂਹ ਜਾਂ ਵਿਅਕਤੀ-ਸਮੂਹਾਂ ਜਾਂ ਕਿਸੇ ਹੋਰ ਦੇ ਨਿੱਜੀ ਲਾਭ ਲਈ ਨਹੀਂ ਚਲਾਇਆ ਜਾ ਰਿਹਾ ਹੈ।

7) ਸਕੂਲ ਦਾ ਲੇਖਾ ਕਿਸੇ ਚਾਰਟਿਡ-ਲੇਖਾਕਾਰ ਦੁਆਰਾ ਆਡਿਟ ਅਤੇ ਪ੍ਰਮਾਣਿਤ ਕੀਤਾ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀਆਂ ਉਚਿਤ ਸਟੇਟਮੈਂਟਾਂ ਤਿਆਰ ਕੀਤੀਆਂ ਜਾਣਗੀਆਂ।

8) ਸਕੂਲ ਪਹਿਲੀ ਜਮਾਤ ਵਿੱਚ ਜਮਾਤ ਦੀ ਕੁਲ ਸੰਖਿਆ ਦਾ 25%, ਗੁਆਂਢ ਦੇ ਕਮਜ਼ੋਰ ਤਬਕੇ ਅਤੇ ਸੁਵਿਧਾ ਰਹਿਤ ਗਰੁੱਪ ਨਾਲ਼ ਸੰਬੰਧਿਤ ਬੱਚਿਆਂ ਨੂੰ ਦਾਖ਼ਲ ਕਰੇਗਾ ਅਤੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ, ਇਸ ਦੇ ਪੂਰੀ ਹੋਣ ਤੱਕ ਪ੍ਰਦਾਨ ਕਰੇਗਾ। ਜੇ ਸਕੂਲ ਪ੍ਰੀ-ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਦਾ ਹੈ, ਇਹੀ ਸ਼ਰਤਾਂ ਲਾਗੂ ਹੋਣਗੀਆਂ।

9) ਪੈਰ੍ਹਾ 7 ਵਿੱਚ ਦਰਸਾਏ ਗਏ ਬੱਚਿਆਂ ਲਈ, ਐਕਟ ਦੀ ਧਾਰਾ 12 ਦੇ ਉਪਬੰਧ 2 ਅਨੁਸਾਰ ਸਕੂਲ ਨੂੰ ਖ਼ਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀਪੂਰਤੀ ਪ੍ਰਾਪਤ ਕਰਨ ਲਈ ਸਕੂਲ ਨੂੰ ਵੱਖਰਾ ਬੈਂਕ-ਖਾਤਾ ਰੱਖਣਾ ਪਵੇਗਾ।

10) ਸਕੂਲ ਕੋਈ ਕੈਪੀਟੇਸ਼ਨ ਫ਼ੀਸ ਨਹੀਂ ਲਵੇਗਾ ਅਤੇ ਬੱਚੇ ਜਾਂ ਉਸਦੇ ਮਾਤਾ-ਪਿਤਾ ਜਾਂ ਉਸੇ ਦੇ ਸਰਪ੍ਰਸਤਾਂ ਨੂੰ ਕਿਸੇ ਛਾਂਟੀ-ਪ੍ਰਕਿਰਿਆ ਵਿੱਚ ਨਹੀਂ ਪਾਏਗਾ।

11) ਸਕੂਲ ਕਿਸੇ ਬੱਚੇ ਨੂੰ ਹੇਠ ਲਿਖੇ ਕਾਰਨਾਂ ਕਰਕੇ ਦਾਖ਼ਲਾ ਦੇਣ ਤੋਂ ਇਨਕਾਰ ਨਹੀਂ ਕਰੇਗਾ:-

ੳ) ਕਿਸੇ ਬੱਚੇ ਦਾ ਉਮਰ ਦਾ ਸਬੂਤ ਨਾ ਹੋਣਾ;
ਅ) ਕਿਸੇ ਵੀ ਬੱਚੇ ਦੁਆਰਾ ਵਧਾਏ ਗਏ ਸਮੇਂ ਵਿੱਚ ਜਾਂ ਵਧਾਏ ਗਏ ਸਮੇਂ ਤੋਂ ਬਾਅਦ ਦਾਖ਼ਲਾ ਮੰਗਣਾ; ਜਾਂ
ੲ) ਧਰਮ, ਜਾਤ, ਨਸਲ ਜਾਂ ਜਨਮ-ਸਥਾਨ ਜਾਂ ਇਹਨਾਂ ਵਿਚੋਂ ਕਿਸੇ ਵੀ ਕਾਰਨ।

12) ਸਕੂਲ ਇਹ ਯਕੀਨੀ ਬਣਾਏਗਾ ਕਿ:-

ੳ) ਦਾਖ਼ਲ ਕੀਤੇ ਕਿਸੇ ਵੀ ਬੱਚੇ ਨੂੰ ਜਮਾਤ ਵਿੱਚ ਵਾਪਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿੱਚ ਮੁੱਢਲੀ ਸਿੱਖਿਆ ਪੂਰੀ ਹੋਣ ਤੋਂ ਪਹਿਲਾਂ ਸਕੂਲੋਂ ਕੱਢਿਆ ਨਹੀਂ ਜਾਵੇਗਾ।

ਅ) ਕਿਸੇ ਵੀ ਬੱਚੇ ਨੂੰ ਸਰੀਰਕ-ਦੰਡ ਜਾਂ ਮਾਨਸਿਕ-ਪ੍ਰੇਸ਼ਾਨੀ ਦਾ ਭਾਗੀ ਨਹੀਂ ਬਣਾਇਆ ਜਾਵੇਗਾ।

Harjeet Kaur
Principal
Shishu Niketan Public School
Sector-66, Mohali

For Shishu Suchintan Educational Society

Authorised Signatory

ੲ) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਬੱਚੇ ਨੂੰ ਬੋਰਡ ਦੀ ਕੋਈ ਵੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ।

ਸ) ਮੁੱਢਲੀ. ਸਿੱਖਿਆ ਸੰਪੂਰਨ ਕਰਨ ਵਾਲ਼ੇ ਹਰ ਬੱਚੇ ਨੂੰ ਨਿਯਮ 21 ਅਨੁਸਾਰ ਇੱਕ ਪ੍ਰਮਾਣ-ਪੱਤਰ ਪ੍ਰਦਾਨ ਕੀਤਾ ਜਾਵੇਗਾ।

ਹ) ਐਕਟ ਦੇ ਉਪਬੰਧਾਂ ਅਨੁਸਾਰ ਅਪੰਗ/ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼ਮੂਲੀਅਤ ਕੀਤੀ ਜਾਵੇਗੀ।

ਕ) ਐਕਟ ਦੀ ਧਾਰਾ 23 ਦੇ ਉਪਨਿਯਮ (1) ਅਨੁਸਾਰ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਅਧਿਆਪਕ ਹੀ ਨਿਯੁਕਤ ਕੀਤੇ ਜਾਣਗੇ।

ਖ) ਅਧਿਆਪਕ ਆਪਣੇ ਆਪ ਨੂੰ ਕਿਸੇ ਵੀ ਪ੍ਰਾਈਵੇਟ ਅਧਿਆਪਣ ਕਿਰਿਆ ਵਿੱਚ ਮਸ਼ਰੂਫ਼ ਨਹੀਂ ਕਰਨਗੇ।

13) ਸ਼ਕੂਲ ਉਚਿਤ ਅਥਾਰਟੀ ਦੁਆਰਾ ਨਿਰਧਾਰਿਤ ਵਿਸ਼ਿਆਂ ਦੇ ਅਧਾਰ ਤੇ ਪਾਠਕ੍ਰਮ ਨੂੰ ਅਪਨਾਏਗਾ।

14) ਸਕੂਲ ਐਕਟ ਦੀ ਧਾਰਾ 19 ਅਧੀਨ ਦਰਸਾਈਆਂ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ।

15) ਸਕੂਲ ਦੇ ਇਸ ਨਾਂ ਤੇ ਸਕੂਲ ਦੀ ਇਮਾਰਤ ਦੇ ਅੰਦਰ ਜਾਂ ਬਾਹਰ ਕੋਈ ਗੈਰ-ਮਾਨਤਾ ਪ੍ਰਾਪਤ ਜਮਾਤਾਂ ਨਹੀਂ ਚਲਾਈਆਂ ਜਾਣਗੀਆਂ।

16) ਸਕੂਲ-ਭਵਨ ਜਾਂ ਹੋਰ ਢਾਂਚਾ ਜਾਂ ਮੈਦਾਨ ਸਿਰਫ਼ ਪੜ੍ਹਾਈ ਅਤੇ ਯੋਗਤਾ-ਵਿਕਾਸ ਲਈ ਵਰਤਿਆ ਜਾਵੇਗਾ।

17) ਸ਼ਕੂਲ ਸਮੇਂ-ਸਮੇਂ ਤੇ ਡਾਇਰੈਕਟਰ-ਸਕੂਲ ਐਜੂਕੇਸ਼ਨ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਲੋੜੀਂਦੀ ਸੂਚਨਾ ਅਤੇ ਜਾਣਕਾਰੀ ਉਪਲਬਧ ਕਰਵਾਏਗਾ ਅਤੇ ਰਾਜ ਸਰਕਾਰ ਸਥਾਨਕ ਅਥਾਰਟੀ ਵੱਲੋਂ ਸਕੂਲ ਦੀ ਮਾਨਤਾ ਨੂੰ ਬਣਾਏ ਰੱਖਣ ਲਈ ਲੋੜੀਂਦੀਆਂ ਸ਼ਰਤਾਂ ਜਾਂ ਸਕੂਲ ਸੰਚਾਲਣ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਹਦਾਇਤਾਂ ਦੀ ਪਾਲਣਾ ਕਰੇਗਾ।

18) ਆਪ ਜੀ ਦੇ ਸਕੂਲ ਨੂੰ ਪ੍ਰਦਾਨ ਕੀਤਾ ਮਾਨਤਾ ਕੋਡ ਨੰਬਰ ਆਰ.ਟੀ.ਈ.(ਮਾਨਤਾ)-ਆਰ.ਟੀ.ਈ/-2016/193/687 (ਇਹ ਕੋਡ ਨੋਟ ਕਰ ਲਿਆ ਜਾਵੇ ਅਤੇ ਭਵਿੱਖ ਵਿੱਚ ਇਸ ਦਫ਼ਤਰ ਨਾਲ਼ ਹੋਣ ਵਾਲੇ ਕਿਸੇ ਵੀ ਪੱਤਰ-ਵਿਹਾਰ ਲਈ ਵਰਤਿਆ ਜਾਵੇ)।

ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
ਸਾਹਿਬਜ਼ਾਦਾ ਅਜੀਤ ਸਿੰਘ ਨਗਰ।



Harjeet Kaur
Principal
Shishu Niketan Public School
Sector-66, Mohali

For Shishu Suchintan Educational Society
Authorised Signatory